ਮਿੱਠੇ ਬੱਚੇ:- "ਮਿੱਠੇ ਬੱਚੇ :- ਤੁਹਾਡਾ ਕਿਸੇ ਨਾਲ ਵੀ ਵੈਰ ਨਹੀਂ ਹੋਣਾ ਚਾਹੀਦਾ ਕਿਉਂਕਿ ਤੁਸੀਂ ਹੋ ਸਭ ਦੇ ਕਲਿਆਣਕਾਰੀ, ਵੈਰ ਰੱਖਣ ਵਾਲੇ ਨੂੰ ਹਾਫ਼ ਕਾਸਟ ਬ੍ਰਾਹਮਣ ਕਹਾਂਗੇ"

ਪ੍ਰਸ਼ਨ:- ਕਿਹੜੀ ਸਮ੍ਰਿਤੀ ਬੁੱਧੀ ਵਿੱਚ ਸਦਾ ਰਹੇ ਤਾਂ ਨਿਰਭਓ ਬਣ ਜਾਵੋਗੇ?

ਉੱਤਰ:- ਸਦਾ ਸਮ੍ਰਿਤੀ ਵਿਚ ਰਹੇ ਕਿ ਅਸੀਂ ਸੱਚਖੰਡ ਦੇ ਮਾਲਿਕ ਦੇਵੀ - ਦੇਵਤਾ ਬਣ ਰਹੇ ਹਨ, ਸ਼ਰੀਰ ਨੂੰ ਕੋਈ ਮਾਰਦਾ ਵੀ ਹੈ ਲੇਕਿਨ ਆਤਮਾ ਨੂੰ ਮਾਰ ਨਹੀਂ ਸਕਦਾ। ਗੋਲੀ ਸ਼ਰੀਰ ਨੂੰ ਲਗਦੀ ਹੈ। ਮੈਂ ਆਤਮਾ ਤੇ ਜਾ ਰਹੀ ਹਾਂ ਬਾਬਾ ਦੇ ਕੋਲ, ਸਾਨੂੰ ਕੀ ਡਰ ਹੈ। ਅਸੀਂ ਬੈਠੇ ਹਾਂ, ਛਤ ਡਿੱਗ ਜਾਂਦੀ ਹੈ, ਅਸੀਂ ਬਾਬਾ ਦੇ ਕੋਲ ਚਲੇ ਜਾਵਾਂਗੇ। ਇਸ ਵਿੱਚ ਡਰਨ ਦੀ ਕੋਈ ਗੱਲ ਨਹੀਂ। ਅਜਿਹਾ ਨਿਰਭਉ ਬਣਨਾ ਹੈ।

ਗੀਤ:- ਮਾਤਾ ਓ ਮਾਤਾ...

ਓਮ ਸ਼ਾਂਤੀ। ਬੱਚਿਆਂ ਨੇ ਜਗਤ ਅੰਬਾ ਦੀ ਮਹਿਮਾ ਸੁਣੀ। ਹੁਣ ਮਨੁੱਖ ਤਾਂ ਸਿਰਫ ਗਾਉਂਦੇ ਰਹਿੰਦੇ ਹਨ ਜਗਤ ਅੰਬਾ ਦੇ ਮੇਲੇ ਲੱਗ ਰਹੇ ਹਨ। ਇਹ ਫਿਰ ਹੈ ਸੰਗਮ। ਬੱਚਿਆਂ ਦਾ ਬਾਪ ਦੇ ਨਾਲ ਮੇਲਾ। ਬਾਪ ਹੈ ਤਾਂ ਮਾਂ ਜਰੂਰ ਹੈ। ਭਾਰਤ ਵਿਚ ਜਗਤ ਅੰਬਾ ਦੀ ਜੀਵਨ ਕਹਾਣੀ ਕੋਈ ਵੀ ਜਾਣਦੇ ਨਹੀਂ। ਜਗਤ ਨੂੰ ਰਚਨ ਵਾਲੀ ਮਤਲਬ ਜਗਤ ਅੰਬਾ। ਜਗਤ ਅੰਬਾ ਦੇ ਮੰਦਿਰ ਵੀ ਹਨ। ਹੁਣ ਤੁਸੀਂ ਬੱਚਿਆਂ ਨੂੰ ਸਮਝ ਮਿਲੀ ਹੈ, ਗਿਆਨ ਦਾ ਤੀਸਰਾ ਨੇਤ੍ਰ ਮਿਲਿਆ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ, ਜਿਸ ਦਾ ਯਾਦਗਰ ਬਣਿਆ ਹੋਇਆ ਹੈ ਉਹ ਜਰੂਰ ਸ੍ਰਿਸ਼ਟੀ ਦੇ ਸੰਗਮ ਤੇ ਆਏ ਹੋਣਗੇ। ਇਨ੍ਹਾਂ ਨੂੰ ਜਗਤ ਅੰਬਾ ਕਿਹਾ ਜਾਂਦਾ ਹੈ। ਜਗਤਪਿਤਾ, ਪ੍ਰਜਾਪਿਤਾ ਵੀ ਹੈ ਨਾ।

ਇਸ ਬੇਹੱਦ ਡਰਾਮੇ ਦਾ ਆਦਿ - ਮਧ - ਅੰਤ ਕੀ ਹੈ ਅਤੇ ਮੁੱਖ ਐਕਟ੍ਰਸ ਕਿਹੜੇ ਹਨ - ਇਹ ਕੋਈ ਨਹੀਂ ਜਾਣਦੇ। ਹੀਰੋ - ਹੀਰੋਇਨ ਵੀ ਐਕਟਰ ਹੁੰਦੇ ਹਨ ਨਾ। ਸਿਰਫ ਦੋ ਨਹੀਂ ਹੋਣਗੇ। ਜਰੂਰ ਉਨ੍ਹਾਂ ਦੀ ਸੈਨਾ ਹੋਵੇਗੀ। ਜਗਤ ਅੰਬਾ ਦੀ ਵੀ ਸੈਨਾ ਹੋਵੇਗੀ। ਉਨ੍ਹਾਂ ਨੂੰ ਸ਼ਕਤੀਆਂ ਵੀ ਕਿਹਾ ਜਾਂਦਾ ਹੈ। ਸ਼ਕਤੀ ਸੈਨਾ ਨਾਮੀਗ੍ਰਾਮੀ ਹੈ। ਸ਼ਕਤੀ ਕਿੱਥੋਂ ਆਈ? ਜਰੂਰ ਸਰਵ ਸ਼ਕਤੀਮਾਨ ਪਰਮਪਿਤਾ ਪਰਮਾਤਮਾ ਤੋਂ ਹੀ ਸ਼ਕਤੀ ਲਿਤੀ ਹੋਵੇਗੀ - ਇਹ ਤਾਂ ਸਭ ਮੰਨਦੇ ਹਨ। ਉੱਚ ਤੋਂ ਉੱਚ ਭਗਵਾਨ ਹੈ। ਉਨ੍ਹਾਂ ਨੂੰ ਹੀ ਸਤ ਸ੍ਰੀ ਅਕਾਲ ਕਹਿੰਦੇ ਹਨ। ਅਕਾਲੀ ਜੋ ਹੁੰਦੇ ਹਨ ਉਹ ਨਿਰਾਕਾਰ ਨੂੰ ਮੰਨਣ ਵਾਲੇ ਹੁੰਦੇ ਹਨ। ਸਿੱਖ ਗ੍ਰੰਥੀ ਗੁਰੂ ਨਾਨਕ ਨੂੰ ਮੰਨਦੇ ਹਨ। ਕਹਿੰਦੇ ਹਨ ਗੁਰੂ ਨਾਨਕ ਦੇਵ ਹੈ। ਉਨ੍ਹਾਂ ਦੀ ਜੋ ਪੀੜ੍ਹੀ ਹੁੰਦੀ ਹੈ ਉਨ੍ਹਾਂ ਦੇ 10 ਬਾਦਸ਼ਾਹ ਦੇ ਨਾਮ ਵੀ ਭਿੰਨ - ਭਿੰਨ ਹਨ। ਕਿਸੇ ਦਾ ਸਿੰਘ, ਕਿਸੇ ਦਾ ਦਾਸ, ਕਿਸੇ ਦਾ ਚੰਦ ਵੀ ਨਾਮ ਹੋਵੇ ਗਾ। ਸਭ ਦੇ ਨਾਮ ਵੱਖ - ਵੱਖ ਹਨ ਅਤੇ ਅਕਾਲੀ ਜੋ ਹਨ ਉਹ ਅਕਾਲ ਮੂਰਤ ਨੂੰ ਮੰਨਦੇ ਹਨ। ਸਤ ਸ੍ਰੀ ਅਕਾਲ - ਇਹ ਕਿਸ ਦੀ ਮਹਿਮਾ ਕੀਤੀ? ਪਰਮਪਿਤਾ ਪਰਮਾਤਮਾ ਦੀ। ਤਾਂ ਸਿੱਧ ਕਰਦੇ ਹਨ ਸਤ ਸਿਰਫ ਇੱਕ ਸ੍ਰੀ ਸ੍ਰੀ ਆਕਾਲ ਮੂਰਤ ਪਰਮਾਤਮਾ ਹੀ ਹੈ। ਤੁਸੀਂ ਕਹਿ ਸਕਦੇ ਹੋ ਸਤ ਸ੍ਰੀ ਅਕਾਲ। ਤੁਸੀਂ ਉਨ੍ਹਾਂ ਨੂੰ ਜਾਣਦੇ ਹੋ। ਉਹ ਸਿਰਫ ਅੱਖਰ ਕਹਿ ਦਿੰਦੇ, ਅਰਥ ਕੁਝ ਵੀ ਨਹੀਂ ਜਾਣਦੇ। ਤੁਸੀਂ ਤਾਂ ਜਾਣਦੇ ਹੋ ਸਤ ਸ੍ਰੀ ਆਕਾਲ ਨੂੰ। ਉਨ੍ਹਾਂ ਦੀ ਬਾਓਗ੍ਰਾਫੀ ਨੂੰ ਵੀ ਤੁਸੀਂ ਜਾਣਦੇ ਹੋ। ਵਿਚਾਰ ਸਾਗਰ ਮੰਥਨ ਵੀ ਤੁਸੀਂ ਬੱਚਿਆਂ ਨੂੰ ਕਰਨਾ ਹੈ। ਬਾਪ ਤਾਂ ਗਿਆਨ ਦਾ ਸਾਗਰ ਹੈ। ਉਸ ਨੇ ਕਲਸ਼ ਮਾਤਾਵਾਂ ਨੂੰ ਦਿੱਤਾ ਹੈ। ਇਹ ਹੈ ਵੱਡੀ ਮੰਮਾ ਅਤੇ ਫਿਰ ਤੁਸੀਂ ਅਨੇਕ ਮਾਤਾਵਾਂ ਹੋ। ਜਗਤ ਅੰਬਾ ਦੀਆਂ ਅਨੇਕ ਬੱਚੇ ਅਤੇ ਬੱਚੀਆਂ ਹਨ। ਇਹ ਜਗਤ ਅੰਬਾ ਹੈ ਫਿਰ ਪਿਤਾ ਵੀ ਜਰੂਰ ਹੈ। ਤੁਸੀਂ ਜਾਣਦੇ ਹੋ ਇਹ ਜਗਤ ਅੰਬਾ ਕੌਣ ਹੈ, ਕਿਸ ਦੀ ਬੱਚੀ ਹੈ? ਹਨ ਤਾਂ ਮਨੁੱਖ 8-10 ਬਾਹਵਾਂ ਤੇ ਨਹੀਂ ਹਨ। ਇੰਨੀਆਂ ਬਾਹਵਾਂ ਕਿਓਂ ਦਿੱਤੀਆਂ ਹਨ - ਇਹ ਕਿਸੇ ਨੂੰ ਪਤਾ ਨਹੀਂ। ਤਾਂ ਉੱਚ ਤੋਂ ਉੱਚ ਉਹ ਸਤ ਪਰਮਾਤਮਾ ਹੈ। ਤੁਸੀਂ ਬੱਚਿਆਂ ਨੂੰ ਸਮਝਾਇਆ ਗਿਆ ਹੈ - ਪਰਮਪਿਤਾ ਪਰਮਾਤਮਾ ਜਿਸਨੂੰ ਅਸੀ ਰੂਪ ਬਸੰਤ ਕਹਿੰਦੇ ਹਾਂ, ਰੂਪ ਵੀ ਹੈ ਅਤੇ ਫਿਰ ਬਸੰਤ, ਗਿਆਨ ਸਾਗਰ ਹੈ। ਇੰਨਾਂ ਛੋਟਾ ਜਿਹਾ ਸਟਾਰ, ਉਹ ਗਿਆਨ ਸਾਗਰ ਹੈ। ਵੰਡਰ ਹੈ ਨਾ। ਬੱਚਿਆਂ ਨੂੰ ਸਮਝਾਇਆ ਹੈ - ਬਾਪ ਹੈ ਬਿੰਦੀ ਰੂਪ, ਉਸ ਵਿੱਚ ਬਰੋਬਰ ਸਾਰਾ ਪਾਰਟ ਹੈ। ਭਗਤੀ ਮਾਰਗ ਵਿੱਚ ਭਗਤਾਂ ਦੀ ਭਾਵਨਾ ਪੂਰੀ ਕਰਦੇ ਹਨ। ਇਹ ਸਾਰੀ ਡਰਾਮੇ ਵਿੱਚ ਨੂੰਧ ਹੈ। ਜਿਸ ਸਮੇਂ ਜਿਸ ਦੀ ਜੋ ਭਾਵਨਾ ਹੈ ਉਹ ਡਰਾਮੇ ਵਿੱਚ ਪਹਿਲਾਂ ਤੋਂ ਹੀ ਨੂੰਧੀ ਹੋਈ ਹੈ। ਤੁਹਾਡੀ ਇਹ ਪੜਾਈ ਵੀ ਡਰਾਮੇ ਵਿੱਚ ਨੂੰਧ ਹੈ, ਜੋ ਪਾਰਟ ਰਪੀਟ ਹੋ ਰਿਹਾ ਹੈ। ਸਮਝਣ ਦੀ ਗੱਲ ਹੈ ਨਾ। ਤੁਸੀਂ ਚੰਗੀ ਤਰ੍ਹਾਂ ਸਮਝਾ ਸਕਦੇ ਹੋ - ਉੱਚ ਤੇ ਉੱਚ ਭਗਵਾਨ ਸਭ ਕਹਿੰਦੇ ਹਨ। ਉਹ ਹੈ ਨਿਰਾਕਾਰ, ਨਿਰਭਉ, ਨਿਰਵੈਰ... ਉਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ ਹੈ। ਤੁਹਾਡਾ ਵੀ ਕਿਸੇ ਦੇ ਨਾਲ ਵੈਰ ਨਹੀਂ ਹੈ। ਤੁਸੀਂ ਸਭ ਦੇ ਕਲਿਆਣਕਾਰੀ ਹੋ। ਜੇਕਰ ਕਿਸੇ ਦਾ ਵੈਰ ਹੈ ਤਾਂ ਉਨ੍ਹਾਂ ਨੂੰ ਹਾਫ਼ ਕਾਸਟ ਕਹਾਂਗੇ। ਅੱਧਾ ਸ਼ੂਦ੍ਰ, ਅਧਾ ਬ੍ਰਾਹਮਣ। ਇਹ ਵਿਕਾਰਾਂ ਦੀ ਖਾਦ ਕੰਮਲੀਟ ਨਿਕਲ ਜਾਵੇਗੀ ਤਾਂ ਸੱਚਾ ਬ੍ਰਾਹਮਣ ਕਹਾਂਗੇ। ਹੁਣ ਤਾਂ ਅਧਾ - ਅਧਾ ਹੈ। ਕਲਯੁਗੀ ਤਮੋਪ੍ਰਧਾਨ ਸੰਸਕਾਰ ਭਰੇ ਹੋਏ ਹਨ, ਉਹ ਨਿਕਲਣੇ ਹਨ। ਹੁਣ ਤੁਹਾਨੂੰ ਨਾ ਦੇਵਤਾ ਨਾ ਸ਼ੂਦ੍ਰ, ਵਿੱਚ ਦਾ ਬ੍ਰਾਹਮਣ ਕਹਾਂਗੇ। ਉਹ ਵੀ ਸੰਪੂਰਨ ਨਹੀਂ ਬਣੇ ਹੋ। ਜਗਤ ਅੰਬਾ ਨੂੰ ਦੇਵਤਾ ਨਹੀਂ ਕਹਾਂਗੇ। ਜਗਤ ਅੰਬਾ ਜਦ ਸੰਪੂਰਨ ਬਣ ਜਾਂਦੀ ਹੈ, ਉਸ ਦੇ ਬਾਦ ਦੇਵਤਾ ਬਣਦੀ ਹੈ। ਹਾਲੇ ਬ੍ਰਾਹਮਣ ਹੈ। ਬ੍ਰਹਮਾ ਦੀ ਬੇਟੀ ਸਰਸਵਤੀ ਹੈ। ਪ੍ਰੰਤੂ ਇਹ ਕੋਈ ਨਹੀਂ ਜਾਣਦੇ। ਬ੍ਰਹਮਾ ਕਦੋਂ ਆਇਆ ਜੋ ਮੁੱਖ ਵੰਸ਼ਾਵਲੀ ਰਚਨਾ ਰਚੀ? ਉਸ ਨੂੰ ਹੀ

ਸ਼ਿਵਸ਼ਕਤੀ ਸੈਨਾ ਕਿਹਾ ਜਾਂਦਾ ਹੈ। ਤਾਂ ਤੁਸੀਂ ਜਾਣਦੇ ਹੋ ਉਹ ਉੱਚ ਤੋਂ ਉੱਚ ਬਾਪ ਪਰਮਪਿਤਾ, ਪਰਮਧਾਮ ਵਿੱਚ ਰਹਿਣ ਵਾਲੇ ਹਨ। ਫਿਰ ਸੂਖਸ਼ਮ ਵਤਨ ਵਿਚ ਹੈ ਬ੍ਰਹਮਾ, ਵਿਸ਼ਨੂੰ, ਸ਼ੰਕਰ। ਪ੍ਰਵ੍ਰਤੀ ਮਾਰਗ ਹੋਣ ਕਾਰਣ ਉਹ ਵੀ ਯੁਗਲ ਵਿਖਾਉਂਦੇ ਹਨ। ਵਿਸ਼ਨੂੰ ਨੂੰ ਪੂਰਾ ਯੁਗਲ ਵਿਖਾਉਂਦੇ ਹਨ। ਇਹ ਸਭ ਬੁੱਧੀ ਵਿੱਚ ਰਹਿਣ ਚਾਹੀਦਾ ਹੈ। ਮਨੁੱਖ ਕਹਿਣਗੇ ਅਸੀਂ ਐਕਟਰ ਹਾਂ। ਤਾਂ ਮਨੁੱਖਾਂ ਨੂੰ ਡਰਾਮੇ ਦੇ ਆਦਿ, ਮਧ, ਅੰਤ ਦਾ ਪਤਾ ਹੋਣਾ ਚਾਹੀਦਾ ਹੈ ਨਾ। ਉੱਚ ਤੋਂ ਉੱਚ ਭਗਵਾਨ ਕੌਣ ਹੈ? ਬ੍ਰਹਮਾ, ਵਿਸ਼ਨੂੰ, ਸ਼ੰਕਰ ਕੌਣ ਹੈ? ਕੀ ਹੋਰ ਵੀ 8-10-100 ਬਾਹਵਾਂ ਵਾਲਾ ਕੋਈ ਹੈ? ਨਹੀਂ, ਇਹ ਸਭ ਚਿੱਤਰ ਫਾਲਤੂ ਹਨ। ਬ੍ਰਹਮਾ ਦੀਆਂ 100 ਬਾਹਵਾਂ ਵਿਖਾਉਂਦੇ ਹਨ। ਹੁਣ ਇਹ ਤੇ ਪ੍ਰਜਾਪਿਤਾ ਹੈ, 100 ਬਾਹਵਾਂ ਦੀ ਤੇ ਗੱਲ ਹੀ ਨਹੀਂ। ਇਹ ਸਭ ਰਾਂਗ ਹੈ ਰਾਇਟ ਅਸਲ ਵਿਚ ਕੀ ਹੈ, ਉਹ ਵੀ ਸਮਝਣਾ ਚਾਹੀਦਾ ਹੈ। ਉੱਚ ਤੇ ਉੱਚ ਭਗਵਾਨ ਜੋ ਪਰਮਧਾਮ ਵਿੱਚ ਰਹਿੰਦੇਂ ਹਨ, ਹਨ ਸਟਾਰ। ਵਿਸ਼ਨੂੰ ਨੂੰ ਵੀ ਚਾਰ ਬਾਹਵਾਂ ਵਿਖਾਈਆਂ ਹਨ - ਦੋ ਬਾਹਵਾਂ ਲਕਸ਼ਮੀ ਦੀਆਂ, ਦੋ ਬਾਹਵਾਂ ਨਾਰਾਇਣ ਦੀਆਂ। ਜਿਵੇਂ ਰਾਵਣ ਦੇ ਦਸ ਸਿਰ ਵਿਖਾਉਂਦੇ ਹਨ, ਪੰਜ ਇਸਤਰੀ ਦੇ ਵਿਕਾਰ ਅਤੇ ਪੰਜ ਪੁਰਸ਼ ਦੇ। ਪਹਿਲੇ - ਪਹਿਲੇ ਮੁੱਖ ਵਿਕਾਰ ਹਨ ਦੇਹ - ਅਭਿਮਾਨ ਫਿਰ ਹੋਰ ਵਿਕਾਰ ਨੰਬਰਵਾਰ ਆਉਂਦੇ ਹਨ। ਸੂਖਸ਼ਮਵਤਨਵਾਸੀ ਬ੍ਰਹਮਾ ਤੇ ਹੈ ਅਵਿਅਕਤ। ਪ੍ਰਜਾਪਿਤਾ ਬ੍ਰਹਮਾ ਤੇ ਇੱਥੇ ਚਾਹੀਦਾ ਹੈ ਨਾ। ਇਹ ਜਦੋਂ ਸੰਪੂਰਨ ਬਣ ਜਾਂਦੇ ਹਨ ਤਾਂ ਸੂਖਸ਼ਮ ਵਤਨ ਵਿਚ ਫਰਿਸ਼ਤੇ ਬਣ ਜਾਂਦੇ ਹਨ। ਤੁਸੀਂ ਵੀ ਫਰਿਸ਼ਤੇ ਬਣ ਜਾਂਦੇ ਹੋ। ਉੱਥੇ ਤੁਹਾਡਾ ਸ਼ਰੀਰ ਹੱਡੀ ਮਾਸ ਦਾ ਨਹੀਂ ਹੁੰਦਾ ਹੈ। ਉਨ੍ਹਾਂ ਨੂੰ ਫਰਿਸ਼ਤਾ ਕਿਹਾ ਜਾਂਦਾ ਹੈ। ਬ੍ਰਹਮਾ ਤੇ ਪ੍ਰਜਾਪਿਤਾ ਇੱਥੇ ਹਨ। ਫਿਰ ਵਿਸ਼ਨੂੰ ਦੋ ਰੂਪ ਵਿਚ ਪਾਲਣਾ ਕਰਨਗੇ। ਸ਼ੰਕਰ ਤੇ ਹਨ ਸੂਖਸ਼ਮਵਤਨ ਵਿਚ। ਇਹ ਬੜੀਆਂ ਸਮਝਣ ਦੀਆਂ ਗੱਲਾਂ ਹਨ। ਇਤਨੀ ਦੂਰਾਂਦੇਸ਼ੀ ਬੁੱਧੀ ਕਿਸੇ ਦੀ ਹੈ ਨਹੀਂ। ਤੁਹਾਡੀ ਬੁੱਧੀ ਇੱਕਦਮ ਮੂਲਵਤਨ, ਸੂਖਸ਼ਮ ਵਤਨ ਤੱਕ ਚਲੀ ਜਾਂਦੀ ਹੈ। ਸੂਖਸ਼ਮ ਵਤਨ ਹੁਣ ਰਚਿਆ ਹੋਇਆ ਹੈ। ਬ੍ਰਹਮਾ, ਵਿਸ਼ਨੂੰ, ਸ਼ੰਕਰ ਦੀ ਵੀ ਰਚਨਾ ਹੋਈ ਹੈ, ਜਿੱਥੇ ਤੱਕ ਆ ਜਾ ਸਕਦੇ ਹੋ। ਤਾਂ ਉੱਚ ਤੇ ਉੱਚ ਭਗਵਾਨ ਫਿਰ ਬ੍ਰਹਮਾ, ਵਿਸ਼ਨੂੰ, ਸ਼ੰਕਰ ਫਿਰ ਇਹ ਮਨੁੱਖ ਸ੍ਰਿਸ਼ਟੀ ਵਿਚ ਦੇਵੀ - ਦੇਵਤੇ। ਬਾਕੀ 8-10 ਬਾਹਵਾਂ ਵਾਲੇ ਜਾਂ ਚੰਡੀਕਾ ਦੇਵੀ ਆਦਿ ਤੇ ਹੈ ਨਹੀਂ। ਇੰਨੇ ਸਭ ਚਿੱਤਰ ਕਿੱਥੋਂ ਆਏ? ਤੁਹਾਡੇ ਕੋਲ ਕੋਈ ਹਥਿਆਰ ਥੋੜੇ ਹੀ ਹਨ। ਇਹ ਸਭ ਹਿੰਸਕ ਹਥਿਆਰ ਬੈਠ ਬਣਾਏ ਹਨ। ਦੇਵਤੇ ਤੇ ਹਨ ਡਬਲ ਅਹਿੰਸਕ। ਸੂਖਸ਼ਮ ਵਤਨ ਵਿਚ ਕੋਈ ਹਥਿਆਰ ਆਦਿ ਹੁੰਦੇ ਨਹੀਂ। ਚਿੱਤਰਾਂ ਵਿੱਚ ਕਿੰਨੇ ਹਥਿਆਰ ਦਿੱਤੇ ਹਨ। ਇਸਨੂੰ ਕਿਹਾ ਜਾਂਦਾ ਹੈ ਗੁੱਡੀਆਂ ਦੀ ਪੂਜਾ। ਆਕੂਪੇਸ਼ਨ ਨੂੰ ਕੋਈ ਜਾਣਦੇ ਨਹੀਂ। ਬਾਬਾ ਆਕੇ ਬ੍ਰਹਮਾ ਦਵਾਰਾ ਨਵੀਂ ਰਚਨਾ ਰਚਦੇ ਹਨ। ਤਾਂ ਖੁਦ ਵੱਡਾ ਹੋ ਗਿਆ ਨਾ। ਤੁਸੀਂ ਹੋ ਉਨ੍ਹਾਂ ਦੀ ਸੰਤਾਨ ਪੋਤਰੇ ਪੋਤਰੀਆਂ। ਸਮਝਣ ਵਾਲੇ ਸਮਝਦੇ ਵੀ ਹਨ ਪ੍ਰੰਤੂ ਫਿਰ ਇਹ ਨਹੀਂ ਸਮਝਦੇ ਕਿ ਸਭ ਦੀ ਮੌਤ ਹੋਣੀ ਹੈ। ਹੁਣ ਵੀ ਕਿੰਨੇ ਮਰਦੇ ਰਹਿੰਦੇ ਹਨ। ਅਖਬਾਰਾਂ ਆਦਿ ਵਿੱਚ ਕੋਈ ਵਿਖਾਉਂਦੇ ਥੋੜ੍ਹੀ ਨਾ ਹਨ, ਨਹੀਂ ਤਾਂ ਨਾਮ ਬਦਨਾਮ ਹੋ ਜਾਵੇ। ਭੁੱਖੇ ਬਹੁਤ ਮਰਦੇ ਹਨ। ਇੱਕ ਸਮੇਂ ਮੁਸ਼ਕਿਲ ਨਾਲ ਦੋ ਰੋਟੀਆਂ ਮਿਲਦੀਆਂ ਹਨ। ਤੁਸੀਂ ਬੱਚੇ ਜਾਣ ਗਏ ਹੋ ਸਤਿਯੁਗ ਵਿੱਚ ਲਕਸ਼ਮੀ - ਨਾਰਾਇਣ ਦਾ ਰਾਜ ਚਲਦਾ ਹੈ। ਦੋ ਬਾਹਵਾਂ ਵਾਲੇ ਵੀ ਮਨੁੱਖ ਹਨ। ਬਾਕੀ ਸਤਿਯੁਗ ਵਿੱਚ ਕੋਈ 8-10 ਬਾਹਵਾਂ ਵਾਲੀਆਂ ਦੇਵੀਆਂ ਥੋੜ੍ਹੀ ਨਾ ਹੁੰਦੀਆਂ ਹਨ। ਸੈਕਿੰਡ ਨੰਬਰ ਵਿੱਚ ਹੈ ਰਾਮ- ਸੀਤਾ। ਉਹ ਵੀ ਇੱਥੇ ਰਾਜਯੋਗ ਨਾਲ ਪਦਵੀ ਪਾ ਰਹੇ ਹਨ। ਕਿੰਨੀ ਸਹਿਜ ਗੱਲ ਹੈ ਸਮਝਣ ਦੀ। ਬਾਪ ਕਹਿੰਦੇ ਹਨ ਤੁਸੀਂ ਬਹੁਤ ਵੇਦ ਸ਼ਾਸਤਰ ਪੜ੍ਹੇ ਹਨ, ਹੁਣ ਤੁਸੀ ਮੇਰੇ ਤੋਂ ਸੁਣੋ ਅਤੇ ਜੱਜ ਕਰੋ - ਮੈਂ ਤੁਹਾਨੂੰ ਸੱਚ ਸੁਣਾਉਂਦਾ ਹਾਂ ਜਾਂ ਉਹ ਸੁਣਾਉਂਦੇ ਹਨ? ਜੇਕਰ ਉਹ ਸਤ ਸੁਣਾਉਂਦੇ ਹਨ ਤਾਂ ਤੁਸੀਂ ਸਤ ਨਾਰਾਇਣ ਦੀ ਕਥਾ ਨਾਲ ਸਥ ਨਰਾਇਣ ਕਿਓਂ ਨਹੀ ਬਣੇ ਹੋ?

ਹੁਣ ਤੁਸੀਂ ਪ੍ਰੈਕਟਿਕਲ ਵਿੱਚ ਸਤ ਬਾਬਾ ਤੋਂ ਸਤ ਕਥਾ ਸੁਣ ਰਹੇ ਹੋ - ਨਾਰੀ ਤੋਂ ਲਕਸ਼ਮੀ, ਨਰ ਤੋਂ ਨਾਰਾਇਣ ਬਣਨ ਦੀ ਇਹ ਕਥਾ ਹੈ। ਜਰੂਰ ਪ੍ਰਜਾ ਬਣੇਗੀ ਕਿ ਸਿਰਫ ਲਕਸ਼ਮੀ - ਨਾਰਾਇਣ ਜਾਕੇ ਤਖ਼ਤ ਤੇ ਬੈਠਣਗੇ? ਇਹ ਦੇਵੀ - ਦੇਵਤਿਆਂ ਦੀ ਰਾਜਧਾਨੀ ਸਥਾਪਨ ਹੋ ਰਹੀ ਹੈ। ਫਿਰ ਸਤਿਯੁਗ ਵਿੱਚ ਆਕੇ ਰਾਜ ਕਰਨਗੇ। ਉੱਥੇ ਰਾਜਿਆਂ ਦੇ ਲਸ਼ਕਰ ਆਦਿ ਕੋਈ ਹੁੰਦੇ ਨਹੀਂ। ਲਸ਼ਕਰ ਵਿਕਾਰੀ ਅਨਹੋਲੀ ਰਾਜਿਆਂ ਦੇ ਹੁੰਦੇ ਹਨ। ਉਹ ਤੇ ਹਨ ਹੋਲੀ ਰਾਜੇ। ਸਤਿਯੁਗ ਨੂੰ ਹੋਲੀ ਲੈਂਡ ਕਿਹਾ ਜਾਂਦਾ ਹੈ, ਇਸ ਨੂੰ ਅਨਹੋਲੀਲੈਂਡ ਕਹਿੰਦੇ ਹਨ। ਬਹੁਤ ਪੁਰਾਣੇ ਪਤਿਤ ਹੋ ਗਏ ਹਨ। ਨਵੇਂ ਨੂੰ ਪੁਰਾਣਾ ਬਣਨਾ ਹੀ ਹੈ। ਸ਼ਰੀਰ ਵੀ ਪਹਿਲੇ ਨਵਾਂ ਫਿਰ ਪੁਰਾਣਾ ਹੁੰਦਾ ਹੈ। ਇਹ ਤਾਂ ਬੁੱਧੀ ਵਿੱਚ ਬੈਠਣਾ ਚਾਹੀਦਾ ਹੈ ਨਾ। ਮਨੁੱਖ ਹੁੰਦੇ ਹੋਏ ਵੀ ਡਰਾਮੇ ਦੇ ਆਦਿ - ਮਧ - ਅੰਤ ਨੂੰ ਨਹੀਂ ਜਾਣਦੇ। ਤੁਸੀਂ ਜਾਣਦੇ ਹੋ ਉੱਚ ਤੋਂ ਉੱਚ ਸ਼ਿਵਬਾਬਾ ਮੂਲਵਤਨ ਵਿੱਚ ਰਹਿੰਦੇ ਹਨ। ਉਸ ਨੂੰ ਨਿਰਾਕਾਰੀ ਦੁਨੀਆ ਕਿਹਾ ਜਾਂਦਾ ਹੈ। ਆਤਮਾਵਾਂ ਬਿੰਦੀਆਂ ਵੀ ਉੱਥੇ ਰਹਿੰਦੀਆਂ ਹਨ। ਪ੍ਰੰਤੂ ਬਿੰਦੀ ਰੂਪ ਹੀ ਦੇਂ ਤਾਂ ਕੋਈ ਸਮਝ ਕਿਵੇਂ ਸਕਣ? ਬਿੰਦੀ ਦੀ ਪੂਜਾ ਕਿਵੇਂ ਕਰਨਗੇ? ਸ਼ਿਵਬਾਬਾ ਦੇ ਬਿੰਦੀ ਰੂਪ ਦੀ ਪੂਜਾ ਕਿਵੇਂ ਕਰਨ? ਤਿਲਕ ਕਿਵੇਂ ਲਗਾਉਣ। ਬਾਬਾ ਅਮਰਨਾਥ ਤੇ ਵੀ ਗਏ ਹੋਏ ਹਨ। ਬਾਬਾ ਸਾਰਾ ਵੇਖ ਕੇ ਆਏ ਸਨ ਕਿ ਕਿਵੇਂ ਸ਼ਿਵਲਿੰਗ ਬਣਾਉਂਦੇ ਹਨ। ਕਹਿੰਦੇ ਹਨ ਉਥੇ ਪਾਰਵਤੀ ਨੂੰ ਸ਼ੰਕਰ ਨੇ ਕਥਾ ਸੁਣਾਈ। ਹੁਣ ਪਾਰਵਤੀ ਨੇ ਕਿਸ ਦੁਰਗਤੀ ਨੂੰ ਪਾਇਆ ਸੀ ਜੋ ਉਸਨੂੰ ਬੈਠ ਕਥਾ ਸੁਣਾਈ? ਅਸਲ ਵਿੱਚ ਤੁਸੀਂ ਸਭ ਪਾਰਵਤੀਆਂ ਹੋ। ਤੁਸੀਂ ਜਨਮ - ਮਰਨ ਵਿੱਚ ਆਉਂਦੇ ਹੋ ਅਤੇ ਸਦਗਤੀ ਨੂੰ ਪਾਉਣ ਦੇ ਲਈ ਕਥਾ ਸੁਣ ਰਹੇ ਹੋ। ਤਾਂ ਉਥੇ ਪੁੱਛਿਆ ਸ਼ਿਵਲਿੰਗ ਕਿੱਥੇ ਹੈ? ਤਾਂ ਬੋਲਿਆ ਸ਼ਿਵਲਿੰਗ ਤੇ ਆਪੇ ਹੀ ਨਿਕਲ ਆਉਂਦਾ ਹੈ। ਅਰੇ, ਉਹ ਕਿਵੇਂ ਹੋਵੇਗਾ। ਉੱਥੇ ਕਬੂਤਰ ਵੀ ਵਿਖਾਉਂਦੇ ਹਨ। ਕਬੂਤਰ ( ਪਿਜਨ) ਗੱਲ ਕਰਨਾ ਕਦੇ ਸਿੱਖਦੇ ਨਹੀਂ। ਤੋਤੇ ਨੂੰ ਗੱਲ ਕਰਨਾ ਸਿਖਾਉਂਦੇ ਹਨ ਤਾਂ ਉਹ ਬੋਲਦੇ ਹਨ। ਕੰਠੀ ਪੈ ਜਾਂਦੀ ਹੈ। ਤੁਸੀਂ ਗਿਆਨ ਦੀ ਕੰਠੀ ਪਹਿਨਦੇ ਹੋ। ਤਾਂ ਬਾਬਾ ਨੇ ਸਮਝਾਇਆ ਹੈ ਉੱਚ ਤੇ ਉੱਚ ਤਾਂ ਹੈ ਸ਼ਿਵਬਾਬਾ ਫਿਰ ਬ੍ਰਹਮਾ, ਵਿਸ਼ਨੂੰ, ਸ਼ੰਕਰ। ਪ੍ਰਵ੍ਰਤੀ ਮਾਰਗ ਵਿਖਾਉਣ ਲਈ ਵਿਸ਼ਨੂੰ ਨੂੰ ਚਾਰ ਬਾਹਵਾਂ ਵਿਖਾਉਂਦੇ ਹਨ। ਇੱਥੇ ਮਨੁੱਖ ਸ੍ਰਿਸ਼ਟੀ ਦੇ ਵਿੱਚ ਉੱਚ ਤੋਂ ਉੱਚ ਲਕਸ਼ਮੀ - ਨਾਰਾਇਣ ਅਤੇ ਉਨ੍ਹਾਂ ਦੀ ਰਾਜਧਾਨੀ ਫਿਰ ਰਾਮ - ਸੀਤਾ ਦੀ ਡਾਇਨੇਸਟੀ। ਇਹ ਹੋਲੀ ਡਾਇਨੇਸਟੀ ਪੂਰੀ ਹੁੰਦੀ ਹੈ। ਫਿਰ ਰਾਵਣ ਰਾਜ ਸ਼ੁਰੂ ਹੁੰਦਾ ਹੈ। ਫਿਰ ਸਭ ਨੂੰ ਪਤਿਤ ਬਣਨਾ ਹੀ ਹੈ। ਬਾਕੀ

ਹਾਂ, ਪਿਛਾੜੀ ਵਿੱਚ ਜੋ ਨਵੀਂਆਂ ਆਤਮਾਵਾਂ ਆਉਂਦੀਆਂ ਹਨ ਉਨ੍ਹਾਂ ਦਾ ਕੁਝ ਪ੍ਰਭਾਵ ਨਿਕਲਦਾ ਹੈ। ਕਿਸੇ ਦਾ ਸਤੋਪ੍ਰਧਾਨਤਾ ਦਾ, ਕਿਸੇ ਦਾ ਰਜੋ- ਤਮੋ ਦਾ ਪਾਰਟ ਹੈ। ਇਹ ਬੇਹੱਦ ਦਾ ਡਰਾਮਾ ਹੈ। ਮਨੁੱਖ ਤਾਂ ਮਨੁੱਖ ਹੀ ਹਨ। ਬਾਕੀ ਸਭ ਹੈ ਗੁੱਡੀਆਂ ਦੀ ਪੂਜਾ। ਤੁਸੀਂ ਐਕਟ੍ਰਸ ਹੋ ਨਾ। ਹੁਣ ਤੁਸੀਂ ਮਨੁੱਖ ਤੋਂ ਦੇਵਤਾ ਬਣ ਰਹੇ ਹੋ। ਪੜਾਈ ਨਾਲ ਮਨੁੱਖ ਕਿੰਨਾ ਉੱਚ ਪਦਵੀ ਪਾਉਂਦੇ ਹਨ। ਇਹ ਵੀ ਪੜਾਈ ਹੈ, ਜਿਸ ਨਾਲ ਤੁਸੀਂ ਰਾਜ ਪਦਵੀ ਪਾਉਂਦੇ ਹੋ। ਅਜਿਹੀ ਪੜਾਈ ਕੋਈ ਹੁੰਦੀ ਨਹੀਂ। ਉਹ ਪ੍ਰਿੰਸ - ਪ੍ਰਿੰਸੀਜ਼ ਤਾਂ ਪ੍ਰਾਲਬਧ ਲੈ ਆਉਂਦੇ ਹਨ। ਤੁਸੀਂ ਉੱਥੇ ਪ੍ਰਾਲਬਧ ਬਣਾ ਰਹੇ ਹੋ। ਭਵਿੱਖ ਸਤਿਯੁਗ ਦੇ ਲਈ ਕਿੰਨੀ ਉੱਚ ਅਤੇ ਫਿਰ ਸਹਿਜ ਨਾਲੇਜ਼ ਹੈ - ਸੈਕਿੰਡ ਵਿੱਚ ਜੀਵਨਮੁਕਤੀ। ਅਸੀਂ ਬੇਹੱਦ ਬਾਪ ਦੇ ਬੱਚੇ ਹਾਂ, ਇਸ਼ਵਰੀਏ ਗੋਦ ਵਿਚ ਬੈਠੇ ਹਾਂ। ਈਸ਼ਵਰੀਏ ਗੋਦ ਕਿਉਂ ਛੱਡੇਗਾ?

ਤਾਂ ਇਸ ਡਰਾਮੇ ਦੇ ਆਦਿ - ਮਧ - ਅੰਤ ਨੂੰ ਸਮਝਣਾ ਹੈ। ਬਾਪ ਤੇ ਚੰਗੀ ਤਰ੍ਹਾਂ ਬੈਠ ਸਮਝਾਉਂਦੇ ਹਨ। ਜੋ ਮਨੁੱਖ ਸ੍ਰਿਸ਼ਟੀ ਦਾ ਬੀਜਰੂਪ ਗਾਇਆ ਜਾਂਦਾ ਹੈ। ਸਤ - ਚਿੱਤ - ਆਨੰਦ ਸਵਰੂਪ ਕਿਹਾ ਜਾਂਦਾ ਹੈ। ਜਰੂਰ ਜਦੋਂ ਆਉਣਗੇ ਤਾਂ ਤੇ ਵਰਸਾ ਦੇਣਗੇ ਨਾ। ਤੁਸੀਂ ਸਚਖੰਡ ਦੇ ਮਾਲਿਕ ਦੇਵੀ - ਦੇਵਤਾ ਬਣਦੇ ਹੋ। ਕੋਈ ਡਰ ਦੀ ਗੱਲ ਨਹੀਂ ਹੈ। ਇੱਥੇ ਤੇ ਕਿੰਨਾਂ ਡਰ ਰਹਿੰਦਾ ਹੈ - ਕੋਈ ਚੜਾਈ ਨਾ ਕਰੇ। ਤੁਹਾਨੂੰ ਤੇ ਬਿਲਕੁਲ ਨਿਡਰ ਰਹਿਣਾ ਹੈ। ਸ਼ਰੀਰ ਨੂੰ ਕੋਈ ਮਾਰਦਾ ਹੈ, ਆਤਮਾ ਨੂੰ ਥੋੜ੍ਹੀ ਨਾ ਮਾਰ ਸਕਦੇ ਹਨ ਜੋ ਡਰਨਾ ਚਾਹੀਦਾ ਹੈ। ਨਿਡਰ ਹੋਣ ਦੀ ਬੜੀ ਸਮਝ ਚਾਹੀਦੀ ਹੈ। ਬਾਪ ਵੀ ਨਿਰਭੌ ਅਤੇ ਬੱਚੇ ਵੀ ਨਿਰਭੌ। ਗੋਲੀ ਸ਼ਰੀਰ ਨੂੰ ਲਗਦੀ ਹੈ, ਮੈਂ ਆਤਮਾ ਤੇ ਜਾ ਰਿਹਾ ਹਾਂ ਬਾਬਾ ਦੇ ਕੋਲ, ਸਾਨੂੰ ਕੀ ਡਰ ਹੈ। ਅਸੀਂ ਬੈਠੇ ਹਾਂ, ਛਤ ਡਿੱਗ ਜਾਂਦੀ ਹੈ, ਅਸੀਂ ਬਾਬਾ ਦੇ ਕੋਲ ਚਲੇ ਜਾਵਾਂਗੇ। ਨਿਰਭੈ ਹੁਣ ਵਿੱਚ ਟਾਇਮ ਲਗਦਾ ਹੈ। ਤੁਸੀਂ ਹੋ ਜਗਤ ਅੰਬਾ ਦੇ ਬੱਚੇ ਸ਼ਿਵ ਸ਼ਕਤੀ ਸੈਨਾ। ਇੱਕ ਦੀ ਤਾਂ ਮਹਿਮਾ ਨਹੀਂ ਹੈ। ਤੁਸੀਂ ਵੀ ਨਾਲ ਹੋ। ਇਹ ਕਮਾਂਡਰ ਹੈ। ਤੁਹਾਨੂੰ ਰੂਹਾਨੀ ਡ੍ਰਿਲ ਸਿਖਾਉਂਦੇ ਹਨ। ਤੁਸੀਂ ਉਨ੍ਹਾਂ ਦੇ ਬੱਚੇ ਹੋ। ਤੁਸੀਂ ਹੋ ਲੱਕੀ ਸਿਤਾਰੇ। ਇਹ ਸਰਸਵਤੀ ਵੀ ਲੱਕੀ ਸਿਤਾਰਾ ਹੈ। ਬ੍ਰਹਮਾ ਦੀ ਬੇਟੀ ਹੈ ਨਾ। ਉਸ ਗਿਆਨ ਸੂਰਜ ਦਾ ਚੰਦਰਮਾ ਤਾਂ ਇਹ (ਬ੍ਰਹਮਾ) ਹੈ ਨਾ। ਪ੍ਰੰਤੂ ਇਹ ਮੇਲ ਹੋਣ ਦੇ ਕਾਰਣ ਮਾਤਾ ਤੇ ਕਲਸ਼ ਰੱਖਿਆ ਜਾਂਦਾ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬ੍ਰਹਮਾ ਮੁੱਖ ਵੰਸ਼ਾਵਲੀ ਬ੍ਰਾਹਮਣ ਕੁਲ ਭੂਸ਼ਨ ਸਵਦਰਸ਼ਨ ਚਕ੍ਰਧਾਰੀ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਦਿਲ ਵਾ ਜਾਨ, ਸਿਕ ਵਾ ਪ੍ਰੇਮ ਨਾਲ ਨੰਬਰਵਾਰ ਪੁਰਸ਼ਾਰਥ ਅਨੁਸਾਰ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਕਲਯੁਗੀ ਤਮੋਪ੍ਰਧਾਨ ਸੰਸਕਾਰਾਂ ਨੂੰ ਨਿਕਾਲ ਸੱਚਾ ਬ੍ਰਾਹਮਣ ਬਣਨਾ ਹੈ। ਕਿਸੇ ਨਾਲ ਵੀ ਵੈਰ ਨਹੀਂ ਰੱਖਣਾ ਹੈ।

**2.** ਨਿਰਭੈ ਬਣਨ ਦੇ ਲਈ ਆਤਮ - ਅਭਿਮਾਨੀ ਰਹਿਣ ਦਾ ਅਭਿਆਸ ਕਰਨਾ ਹੈ। ਅਸੀਂ ਸ਼ਿਵ ਸ਼ਕਤੀ ਸੈਨਾ ਹਾਂ, ਸਾਨੂੰ ਤੇ ਸੱਚ ਖੰਡ ਦਾ ਮਾਲਿਕ ਬਣਨਾ ਹੈ - ਇਸੇ ਨਸ਼ੇ ਵਿਚ ਰਹਿਣਾ ਹੈ।

ਵਰਦਾਨ:- ਕਲਯੁਗੀ ਵਾਯੂਮੰਡਲ ਵਿੱਚ ਰਹਿੰਦੇ ਹੋਏ ਉਸ ਦੇ ਵਾਇਬ੍ਰੇਸ਼ਨ ਤੋਂ ਸੇਫ ਰਹਿਣ ਵਾਲੇ ਸਵਰਾਜ ਅਧਿਕਾਰੀ ਭਵ। ਸਵਰਾਜ ਅਧਿਕਾਰੀ ਉਸ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਕੋਈ ਵੀ ਕਰਮ ਇੰਦ੍ਰੀਆਂ ਆਪਣੀ ਵੱਲ ਆਕਰਸ਼ਿਤ ਨਾ ਕਰਨ, ਸਦਾ ਇੱਕ ਬਾਪ ਵੱਲ ਆਕਰਸ਼ਿਤ ਰਹਿਣ। ਕਿਸੇ ਵੀ ਵਿਅਕਤੀ ਜਾਂ ਵਸਤੂ ਦੇ ਵੱਲ ਆਕਰਸ਼ਣ ਨਾ ਜਾਵੇ। ਅਜਿਹੇ ਰਾਜ ਅਧਿਕਾਰੀ ਹੀ ਤਪੱਸਵੀ ਹਨ, ਉਹ ਹੀ ਹੰਸ, ਬਗੁਲਿਆਂ ਦੇ ਕਲਯੁਗੀ ਵਾਯੂਮੰਡਲ ਵਿੱਚ ਰਹਿੰਦੇ ਹੋਏ ਸਦਾ ਸੇਫ ਰਹਿੰਦੇ ਹਨ। ਜਰਾ ਵੀ ਦੁਨੀਆ ਦੇ ਵਾਇਬ੍ਰੇਸ਼ਨ, ਉਨ੍ਹਾਂ ਨੂੰ ਆਕਰਸ਼ਿਤ ਨਹੀਂ ਕਰਦੇ। ਸਭ ਕੰਪਲੇਨ ਖਤਮ ਹੋ ਜਾਂਦੀ ਹੈ।

ਸਲੋਗਨ:- ਬੁਰੇ ਨੂੰ ਚੰਗੇ ਵਿੱਚ ਬਦਲ ਦੇਣਾ ਹੀ ਉੱਚ ਬ੍ਰਾਹਮਣਾਂ ਦੀ ਸ੍ਰੇਸ਼ਠ ਸ਼ਕਤੀ ਹੈ।

******